# What is a Playgroup?
# (ਖੇਡ ਸਮੂਹ ਕੀ ਹੈ?)



ਖੇਡ ਸਮੂਹ ਮਾਂ-ਬਾਪ ਜਾਂ ਦੇਖਭਾਲ ਕਰਨ ਵਾਲਿਆਂ ਦਾ ਇੱਕ ਅਜਿਹਾ ਸਮੂਹ ਹੈ ਜੋ ਆਪਣੇ ਛੋਟੇ ਬਾਲ, ਬੱਚਿਆਂ, ਜਾਂ ਪਾਠਸ਼ਾਲਾ ਦੀ ਸ਼ੁਰੂਆਤ ਤੋਂ ਪਹਿਲਾਂ ਦੀ ਉਮਰ ਦੇ ਬੱਚਿਆਂ ਨਾਲ ਨਿਯਮਤ ਤੌਰ ਤੇ ਖੇਡਣ ਜਾਂ ਸਮਾਜਿਕ ਮੇਲ ਮਿਲਾਪ ਦੇ ਲਈ ਇਕੱਠੇ ਹੁੰਦੇ ਹਨ ।

ਸਮੁਦਾਇਕ ਖੇਡ ਸਮੂਹ ਸਮੁਦਾਇਕ ਕੇਂਦਰ, ਸਮੁਦਾਇਕ ਭਵਨ, ਸਰਹੱਦੀ (ਗੁਆਂਢ) ਘਰ, ਪੁਸਤਕਾਲੇ, ਪਾਠਸ਼ਾਲਾਵਾਂ, ਪਾਰਕਾਂ, ਖੇਡ ਕੇਂਦਰਾਂ ਵਰਗੀਆਂ ਥਾਵਾਂ ਤੇ ਲਗਾਤਾਰ ਮਿਲਦੇ ਹਨ ।

## The Purpose of Playgroup (ਖੇਡ ਸਮੂਹ ਦਾ ਮਕਸਦ ਜਾਂ ਉਦੇਸ਼)

ਖੇਡ ਸਮੂਹ ਛੋਟੇ-ਬੱਚਿਆਂ, ਮਾਪਿਆਂ, ਪਰਿਵਾਰਾਂ ਅਤੇ ਅਲੱਗ-ਅਲੱਗ ਸਮੁਦਾਵਾਂ ਨੂੰ ਜੋੜਦਾ ਹੈ । ਇਹ ਮਾਂ-ਬਾਪ ਅਤੇ ਦੇਖਭਾਲ ਕਰਤਾ ਨੂੰ ਸਮਾਜਿਕ ਅਤੇ ਸਹਾਇਤਾ ਪ੍ਰਣਾਲੀ ਵਜੋਂ ਮੱਦਦ ਦੀਂਦਾ ਹੈ ਜੋ ਉਹਨਾਂ ਨੂੰ ਬੱਚਿਆਂ ਦੇ ਪਾਲਣ-ਪੋਸ਼ਣ ਲਈ ਉਤਸ਼ਾਹ ਅਤੇ ਸਹਾਇਤਾ ਦੀਂਦੇ ਹਨ ।

ਖੇਡ ਸਮੂਹ ਪਰਿਵਾਰਾਂ ਨੂੰ ਮਨੋਰੰਜਨ, ਅਰਾਮ ਅਤੇ ਮਿਤ੍ਰਤਾਵਾਂ ਬਣਾਉਣ ਵਿਚ ਮੱਦਦ ਕਰਦੇ ਹਨ ।

ਕੁਝ ਖੇਡ ਸਮੂਹ ਸਾਰੇ ਮੈਂਬਰਾਂ (ਜੀਆਂ) ਵੀਂਚ ਆਮ ਤੌਰ ਤੇ ਇੱਕ ਸਾਂਝੇ ਤੱਤ ਤੇ ਧਿਆਨ ਕੇਂਦਰਿਤ ਕਰਦੇ ਹਨ । ਜਿਵੇਂ ਕਿ, ਪਿਤਾ ਦੇ ਖੇਡ ਸਮੂਹ, ਦਾਦੇ- ਦਾਦੀਆਂ ਦੇ ਖੇਡ ਸਮੂਹ, ਕੁਦਰਤ ਨਾਲ ਸੰਬੰਧਿਤ ਖੇਡ ਸਮੂਹ, ਅਤੇ ਪਹਿਲੀ ਵਾਰ ਬਣੇ ਮਾਪਿਆਂ ਲਈ ਖੇਡ ਸਮੂਹ ।

## ਕੀ ਇੱਥੇ ਭਾਸ਼ਾ-ਅਧਾਰਿਤ ਖੇਡ ਸਮੂਹ ਹਨ?

ਖੇਡ ਸਮੂਹਾਂ ਦੀਆਂ ਬਹੁਤ ਸਾਰੀਆਂ ਖਾਸ ਕਿਸਮਾਂ ਵੀਂਚੋਂ ਭਾਸ਼ਾ ਅਤੇ ਸੱਭਿਆਚਾਰ ਤੇ ਆਧਾਰਿਤ ਖੇਡ ਸਮੂਹ ਵੀ ਹਨ । ਇਹ ਖੇਡ ਸਮੂਹ ਦੂਸਰੇ ਖੇਡ ਸਮੂਹ ਦੀ ਤਰ੍ਹਾਂ ਹੀ ਹੁੰਦੇ ਹਨ, ਸਿਵਾਏ ਇਸ ਸਮੂਹ ਦੇ ਮੈਂਬਰਾਂ ਨੂੰ ਅੰਗਰੇਜ਼ੀ ਤੋਂ ਬਿਨ੍ਹਾਂ ਕਿਸੇ ਹੋਰ ਭਾਸ਼ਾ (ਉਹਨਾਂ ਦੇ ਆਪਣੀ ਭਾਸ਼ਾ) ਵੀਂਚ ਗੱਲਬਾਤ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਆਸਟ੍ਰੇਲੀਆ ਤੋਂ ਬਾਹਰ ਕਿਸੇ ਹੋਰ ਸਥਾਨ (ਉਹਨਾਂ ਦੇ ਦੇਸ਼) ਦੇ ਸੱਭਿਆਚਾਰ ਅਤੇ ਪ੍ਰੰਪਰਾਵਾਂ ਤੇ ਜ਼ੋਰ ਦੀਂਤਾ ਜਾਂਦਾ ਹੈ ।

## ਖੇਡ ਸਮੂਹ ਵਿਕਟੋਰੀਆ ਤੁਹਾਡੀ ਕਿਸ ਤਰ੍ਹਾਂ ਨਾਲ ਮੱਦਦ ਕਰ ਸਕਦਾ ਹੈ ?

ਜੇਕਰ ਤੁਸੀਂ ਖੇਡ ਸਮੂਹਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਜਾਂ ਖੇਡ ਸਮੂਹ ਸ਼ੁਰੂ ਕਰਨ ਬਾਰੇ ਜਾਨਣਾ ਚਾਹੁੰਦੇ ਹੋ ਤਾਂ ਤੁਸੀਂ ਸਾਨੂੰ ਸਾਡੀ ਹੌਟਲਾਈਨ 1800 171 882 (ਵਿਕਟੋਰੀਆ ਵੀਂਚ) ਜਾਂ (03) 9388 1599 (ਵਿਕਟੋਰੀਆ ਦੇ ਬਾਹਰ) ਤੇ ਸੰਪਰਕ ਕਰ ਸਕਦੇ ਹੋ ।

**ਜੇਕਰ ਤੁਸੀ ਆਪਣੇ ਖੇਤਰ ਵੀਂਚ ਖੇਡ ਸਮੂਹ ਲੱਭਣਾ ਚਾਹੁੰਦੇ ਹੋ ਤਾਂ ਸਾਡੇ ‘ਖੇਡ ਸਮੂਹ ਲੱਭੋ’ ਪੰਨੇ ਤੇ ਜਾਓ ਜਾਂ ਹੇਠਾਂ ਦੀਂਤੇ QR ਕੋਡ ਨੂੰ ਸਕੈਨ ਕਰੋ ।**

SCAN ME



Playgroup Victoria